# ਪੰਜਾਬ ਪੁਲਿਸ

## ਪੰਜਾਬ ਪੁਲਿਸ ਇੰਟੈਲੀਜੈਂਸ ਵਿੰਗ ਵਿੱਚ ਅਸਿਸਟੈਂਟ ਇੰਟੈਲੀਜੈਂਸ ਅਫਸਰ (ਏ.ਐਸ.ਆਈ ਰੈਂਕ ਵਿੱਚ) ਪੁਰਸ਼ ਅਤੇ ਮਹਿਲਾ ਭਰਤੀ – 2011

ਵੱਲੋਂ :-

**ਆਈਜੀਪੀ ਬਾਰਡਰ-ਕਮ-ਚੇਅਰਮੈਨ ਭਰਤੀ ਬੋਰਡ, ਅਸਿਸਟੈਂਟ ਇੰਟੈਲੀਜੈਂਸ ਅਫਸਰ (ਏ.ਐਸ.ਆਈ ਰੈਂਕ ਵਿੱਚ) ਪੰਜਾਬ ਪੁਲਿਸ, ਅੰਮ੍ਰਿਤਸਰ (ਪੰਜਾਬ ) ।**

# <u>ਹਦਾਇਤ ਪੱਤਰ</u>

# ਪੰਜਾਬ ਪੁਲਿਸ

ਪੰਜਾਬ ਪੁਲਿਸ ਇੰਟੈਲੀਜੈਂਸ ਵਿੰਗ ਵਿੱਚ ਅਸਿਸਟੈਂਟ ਇੰਟੈਲੀਜੈਂਸ ਅਫਸਰ ( ਏ.ਐਸ.ਆਈ ਰੈਂਕ ਵਿੱਚ ) ਪੁਰਸ਼ ਅਤੇ ਮਹਿਲਾ ਭਰਤੀ -2●11 ਲਈ ਪ੍ਰਾਸਪੈਕਟਸ ਅਤੇ ਬਿਨੈ-ਪੱਤਰ

1. 1) ਪੰਜਾਬ ਪੁਲਿਸ (ਇੰਟੈਲੀਜੈਂਸ ਵਿਭਾਗ) ਵਿੱਚ ਅਸਿਸਟੈਂਟ ਇੰਟੈਲੀਜੈਂਸ ਅਫਸਰ (ਏ.ਐਸ.ਆਈ ਰੈਂਕ ਵਿੱਚ) ਦੀਆਂ 5● ਅਸਾਮੀਆਂ ਭਰਨ ਲਈ ਬਿਨੈਕਾਰਾਂ ਤੋਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। 2 ਅਸਾਮੀ ਜੋ ਖਿਡਾਰੀ ਦੀ ਰਾਖਵੀ ਅਸਾਮੀ ਹੈ, ਦੀ ਵੱਖ ਬੋਰਡ ਰਾਹੀ ਭਰਤੀ ਕੀਤੀ ਜਾਵੇਗੀ। ਖਿਡਾਰੀ ਇਸ ਬੋਰਡ ਵਿਚ ਵੀ ਅਪਲਾਈ ਕਰ ਸਕਦੇ ਹਨ ਪਰ ਇਸ ਵਿਚ ਰਾਖਵੀ ਅਸਾਮੀ ਕਲੇਮ ਨਹੀ ਕਰ ਸਕਦੇ ।

2) ਇਹਨਾਂ ਅਸਾਮੀਆਂ ਵਿੱਚੋਂ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ 25 ਫੀਸਦੀ ਸੀਟਾਂ ਅਨੂਸੂਚਿਤ ਜਾਤੀਆਂ, 12 ਫੀਸਦੀ ਸੀਟਾਂ ਪੱਛੜੀਆਂ ਸ੍ਰੇਣੀਆਂ, 13 ਫੀਸਦੀ ਸੀਟਾਂ ਸਾਬਕਾ ਫੌਜੀਆਂ, 2 ਫੀਸਦੀ ਸੀਟਾਂ ਪੁਲਿਸ ਮੁਲਾਜਮਾਂ ਦੇ ਬੱਚਿਆਂ ਲਈ ਰਾਖਵੀਆਂ ਹਨ । ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਸ੍ਰੇਣੀ | ਸਾਬਕਾ ਫੌਜੀ | ਪੁਲਿਸ ਕਰਮਚਾਰੀਆਂ ਦੇ ਬੱਚੇ | ਸਪੋਰਟਸ ਮੈਨ | ਹੋਰ | ਕੁੱਲ |
|---|---|---|---|---|---|
| ਆਮ ਸ੍ਰੇਣੀ (ਜਨਰਲ) | ●4 | ●1 | ●1 | 25 | 31 |
| ਅਨੁਸੂਚਿਤ ਜਾਤੀਆਂ | ●1 | -- | ●1 | 11 | 13 |
| ਪੱਛੜੀਆਂ ਸ੍ਰੇਣੀਆਂ | ●1 | -- | -- | ●5 | ●6 |
| ਕੁਲ | ●6 | ●1 | ●2 | 41 | 5● |

2. **ਅਸਾਮੀਆਂ**

i) ਇਹ ਅਸਾਮੀਆਂ ਪੁਰਸ਼ਾਂ ਅਤੇ ਮਹਿਲਾਵਾਂ ਲਈ ਹਨ ।

ii) ਸਮਰੱਥ ਅਧਿਕਾਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਸਾਮੀਆਂ ਵਿੱਚ ਲੋੜ ਅਨੁਸਾਰ ਤਬਦੀਲੀ ਕੀਤੀ ਜਾ ਸਕਦੀ ਹੈ।

iii) ਸਾਰੇ ਯੋਗ ਉਮੀਦਵਾਰ ਪੰਜਾਬ ਪੁਲਿਸ ਇੰਟੈਲੀਜੈਂਸ ਵਿੰਗ ਵਿੱਚ ਭਰਤੀ ਕੀਤੇ ਜਾਣਗੇ ।

iv) ਉਮੀਦਵਾਰ ਨੂੰ ਸਾਰੇ ਪੜਾਅ ਪੂਰੇ ਕਰਨੇ ਹੋਣਗੇ।

3. **ਤਨਖਾਹ**

ਬੇਸਿਕ ਪੇ :- ਪੇ-ਬੈਂਡ 591●-2●2●●/- + ਗ੍ਰੇਡ ਪੇ 3●●●/- ਰੁਪਏ। ਪ੍ਰੰਤੂ ਸਫਲ ਉਮੀਦਵਾਰਾਂ ਨੂੰ ਰਾਜ ਸਰਕਾਰ ਦੇ ਪੰਜਾਬ ਸਿਵਲ ਸਰਵਿਸ ਨਿਯਮ (Rationalization Certain Conditions of Service) Act. 2011 ( Punjab Act No. 8 of 2011 ). ਸਬੰਧੀ ਜਾਰੀ ਨੋਟੀਫਿਕੇਸ਼ਨ ਮਿਤੀ ●5-●4-11 ਅਨੁਸਾਰ ਬੇਸਿਕ ਪੇ ਅਤੇ ਸਮੇਂ-ਸਮੇਂ ਸਿਰ ਜਾਰੀ ਸਰਕਾਰੀ ਨਿਯਮਾਂ ਤਹਿਤ ਇਹਨਾਂ ਅਸਾਮੀਆਂ ਤੇ ਹੋਰ ਭੱਤੇ ਵੀ ਮਿਲਣਗੇ ਅਤੇ ਉਮੀਦਵਾਰਾਂ ਨੂੰ Defined Contributory Pension Scheme ਅਧੀਨ ਲਿਆ ਜਾਵੇਗਾ ।

4. **ਕੰਮ ਦਾ ਸਥਾਨ :-**

ਚੁਣੇ ਹੋਏ ਉਮੀਦਵਾਰਾਂ ਨੂੰ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਵਿੰਗ ਵਿਚ ਪੂਰੇ ਭਾਰਤ/ਵਿਦੇਸ਼ ਵਿੱਚ ਡੀਜੀਪੀ/ਪੰਜਾਬ ਦੇ ਹੁਕਮਾਂ ਅਨੁਸਾਰ ਕਿਤੇ ਵੀ ਤਾਇਨਾਤ ਕੀਤਾ ਜਾ ਸਕਦਾ ਹੈ । ਭਰਤੀ ਹੋਏ ਉਮੀਦਵਾਰ ਇੰਟੈਲੀਜੈਸ ਵਿੰਗ ਵਿਚ ਹੀ ਕੰਮ ਕਰਨਗੇ।

5. **ਨਾਗਰਿਕਤਾ : -**

ਬਿਨੈਕਾਰ ਭਾਰਤ ਦੇ ਨਾਗਰਿਕ ਹੋਣੇ ਚਾਹੀਦੇ ਹਨ ।

6) **ਯੋਗਤਾਵਾਂ**

ੳ) **ਵਿੱਦਿਅਕ ਯੋਗਤਾ** — ਅਸਿਸਟੈਂਟ ਇੰਟੈਲੀਜੈਂਸ ਅਫਸਰ ( ਏ.ਐਸ.ਆਈ ਰੈਂਕ ਵਿੱਚ) ਭਰਤੀ ਲਈ ਵਿੱਦਿਅਕ ਯੋਗਤਾ ਗਰੈਜੁਏਸ਼ਨ ਜਾਂ ਇਸ ਦੇ ਬਰਾਬਰ ਕਿਸੇ ਮਾਨਤਾ ਪ੍ਰਾਪਤ ਯੂਨਿਵਰਸਿਟੀ ਤੋਂ ਹੋਵੇਗੀ। ਇਸ ਤੋਂ ਇਲਾਵਾ ਸਾਰਿਆਂ ਲਈ ਇਹ ਜਰੂਰੀ ਹੈ ਕਿ ਮੈਟ੍ਰਿਕ ਪੱਧਰ ਤੱਕ ਪੰਜਾਬੀ ਲਾਜਮੀ/ਚੌਣਵੇਂ ਵਿਸ਼ੇ ਦੇ ਤੌਰ ਤੇ ਪਾਸ ਕੀਤੀ ਹੋਵੇ।

ਅ) **ਉਮਰ** — 1. ਅਸਿਸਟੈਂਟ ਇੰਟੈਲੀਜੈਂਸ ਅਫਸਰ ਭਰਤੀ ਲਈ ਉਮਰ ਦੀ ਹੱਦ ਮਿਤੀ ●1-●1-2●11 ਨੂੰ ਘੱਟੋ-ਘੱਟ 21 ਸਾਲ ਅਤੇ ਵੱਧ ਤੋਂ ਵੱਧ 25 ਸਾਲ ਹੋਵੇ।

2. ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲੇ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਬਿਨੈਕਾਰਾਂ ਲਈ ਉਪਰਲੀ ਉਮਰ ਦੀ ਹੱਦ ਰਾਜ ਸਰਕਾਰ ਵੱਲੋਂ ਨਿਰਧਾਰਿਤ ਨਿਯਮਾਂ ਤਹਿਤ 5 ਸਾਲ ਦੀ ਛੋਟ ਹੋਵੇਗੀ।

ੲ) **ਸਾਬਕਾ ਫੌਜੀਆਂ** — ਸਾਬਕਾ ਫੌਜੀਆਂ ਨੂੰ ਉਪੱਰਲੀ ਉਮਰ ਦੀ ਹੱਦ ਵਿੱਚ ਤਿੰਨ ਸਾਲ + ਜਿੰਨੇ ਸਾਲ ਉਸ ਨੇ ਫੌਜ ਵਿੱਚ ਨੌਕਰੀ ਕੀਤੀ ਹੈ, ਦੀ ਛੋਟ ਹੋਵੇਗੀ, ਪਰ ਸਾਬਕਾ ਫੌਜੀ ਦੇ ਫੌਜ ਵਿੱਚੋਂ ਡਿਸਚਾਰਜ ਹੋਣ ਅਤੇ ਮੁੜ ਨੌਕਰੀ ਪ੍ਰਾਪਤ ਕਰਨ ਦੀ ਤਾਰੀਖ ਤੱਕ ਅੰਤਰ 2 ਸਾਲਾ ਤੋਂ ਵੱਧ ਨਾ ਹੋਵੇ ।

ਸ) **ਪੁਲਿਸ ਕਰਮਚਾਰੀਆਂ ਦੇ ਬੱਚਿਆਂ ਲਈ ਯੋਗਤਾ**

ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਪੰਜਾਬ ਵੱਲੋਂ ਜਾਰੀ ਸਰਕਾਰੀ ਹਦਾਇਤਾਂ ਹਵਾਲਾ ਮੀਮੋ ਨੰਬਰ 1/1(211)94-2ਐਚ (ਆਈ)/1●176 ਮਿਤੀ 1●-●6-1996 ਦੇ ਤਹਿਤ 2% ਰਾਖਵੀਂ ਹੋਵੇਗੀ। ਪੁਲਿਸ ਕਰਮਚਾਰੀਆਂ ਦੇ ਆਸ਼ਰਿਤ ਜਿਹੜੇ ਵਿੱਦਿਅਕ ਅਤੇ ਉਮਰ ਸਬੰਧੀ ਸਰਤਾਂ ਪੂਰੀਆਂ ਕਰਦੇ ਹੋਣ ਨੂੰ ਹੇਠ ਲਿਖੀਆਂ ਸ੍ਰੇਣੀਆਂ ਤਹਿਤ ਲਿਆ ਜਾਵੇਗਾ :-

i) ਜਿਹਨਾਂ ਨੂੰ ਅੱਤਵਾਦ ਵਿਰੁੱਧ ਲੜਾਈ ਦੌਰਾਨ ਇੱਕ ਜਾਂ ਇੱਕ ਤੋਂ ਵੱਧ ਹੇਠਾਂ ਦਰਸਾਏ ਰਿਸਤੇਦਾਰਾਂ ਦਾ ਨੁਕਸਾਨ ਉਠਾਉਣਾ ਪਿਆ ਹੋਵੇ :-
ੳ) ਪਿਤਾ ਅ) ਮਾਤਾ ੲ) ਭੈਣ/ਭਰਾ
ਸ) ਪੁੱਤਰ/ਧੀ ਹ) ਹੋਰ ਕੋਈ ਆਸ਼ਰਿਤ ਪਰਿਵਾਰਕ ਮੈਂਬਰ ।

ii) ਅੱਤਵਾਦੀਆਂ ਵਿਰੁੱਧ ਕਾਰਵਾਈ ਜਾਂ ਅੱਤਵਾਦੀਆਂ ਵੱਲੋਂ ਕੀਤੇ ਹਮਲੇ ਸਮੇਂ ਜੋ ਸਥਾਈ ਤੌਰ ਤੇ ਅਪਾਹਿਜ ਹੋ ਗਏ ਹੋਣ ।

iii) ਜਿਹਨਾਂ ਨੂੰ ਅੱਤਵਾਦੀਆਂ ਵਿਰੁੱਧ ਲੜਾਈ ਸਮੇਂ ਉਹਨਾਂ ਦੀ ਬਹਾਦਰੀ ਸਦਕਾ ਰਾਸ਼ਟਰਪਤੀ ਪੁਲਿਸ ਮੈਡਲ ਜਾਂ ਪੁਲਿਸ ਮੈਡਲ ਫਾਰ ਗਲੈਂਟਰੀ ਨਾਲ ਸਨਮਾਨਿਤ ਕੀਤਾ ਹੋਵੇ ।

iv) ਜਿਹਨਾਂ ਨੇ ਅੱਤਵਾਦੀਆਂ ਵਿਰੁੱਧ ਘੱਟੋ-ਘੱਟ ਤਿੰਨ ਮੁਕਾਬਲਿਆ ਵਿੱਚ ਹਿੱਸਾ ਲਿਆ ਹੋਵੇ। ਐਸ.ਐਸ.ਪੀ. ਪਾਸੋ ਸਰਟੀਫੀਕੇਟ ਲਿਆ ਜਾਵੇ।

v) ਜਿਹਨਾਂ ਨੇ ਡੀਜੀਪੀ/ਪੰਜਾਬ ਦੇ ਵਿਚਾਰ ਅਨੁਸਾਰ ਅੱਤਵਾਦੀਆਂ ਵਿਰੁੱਧ ਲੜਾਈ ਵਿੱਚ ਮੋਹਰੀ ਭੂਮਿਕਾ ਨਿਭਾਈ ਹੋਵੇ ।

( **ਬੱਚਿਆ ਤੋਂ ਭਾਵ ਹੋਵੇਗਾ ਆਸ਼ਰਿਤ ਪੁੱਤਰ/ਧੀ , ਆਸ਼ਰਿਤ ਭਰਾ ਜਾਂ ਹੋਰ ਆਸ਼ਰਿਤ ਪਰਿਵਾਰਕ ਮੈਂਬਰ ।** )

ਆਸ਼ਰਿਤ ਮੈਂਬਰ ਸਰਕਾਰ ਦੀਆ ਹਦਾਇਤਾ ਮੁਤਾਬਿਕ ਲਿਆ ਜਾਵੇਗਾ ਇਸ ਸਬੰਧ ਵਿੱਚ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਸਰਟੀਫੀਕੇਟ ਹੋਣਾ ਜਰੂਰੀ ਹੈ।

**ਹ)** ਸ਼ਾਦੀਸ਼ੁਦਾ ਹੋਣ ਦੀ ਸੂਰਤ ਵਿੱਚ ਬਿਨੈਕਾਰ ਦੀਆਂ ਇੱਕ ਤੋਂ ਵੱਧ ਜਿੰਦਾ ਪਤਨੀ ਨਹੀਂ ਹੋਣੀ/ਪਤੀ ਨਹੀ ਹੋਣਾ ਚਾਹੀਦਾ।

## 7) ਸਰੀਰਕ ਮਿਆਰ

**ਪੁਰਸ਼ਾਂ ਲਈ** :-

1) ਘੱਟੋ -ਘੱਟ ਕੱਦ 5 ਫੁੱਟ 7 ਇੰਚ ਹੋਵੇ।

**ਮਹਿਲਾਵਾਂ ਲਈ :-**

ਘੱਟੋ -ਘੱਟ ਕੱਦ 5 ਫੁੱਟ 3 ਇੰਚ ਹੋਵੇ।

8) **ਮੈਡੀਕਲ ਯੋਗਤਾ :-**

i) ਨਿਗਾਹ :- ਦੋਵੇ ਅੱਖਾਂ ਦੀ ਨਿਗਾਹ ਬਿਨਾਂ ਐਨਕ ਤੋਂ 6/6 ਹੋਣੀ ਚਾਹੀਦੀ ਹੈ। ਅੱਖਾਂ ਵਿੱਚ ਭੈਂਗੇ-ਪਣ ਦੀ ਬਿਮਾਰੀ ਨਹੀ ਹੋਣੀ ਚਾਹੀਦੀ ।

**ii)** ਉਮੀਦਵਾਰ ਨੂੰ ਰੰਗਾਂ ਦੀ ਪਹਿਚਾਣ ਸਬੰਧੀ ਉੱਚ ਸ੍ਰੇਣੀ ਦਾ ਟੈਸਟ ਪਾਸ ਕਰਨਾ ਪਵੇਗਾ ਅਤੇ ਉਮੀਦਵਾਰ ਦੇ ਗੋਡੇ ਭਿੜਨੇ ਨਹੀ ਚਾਹੀਦੇ ਅਤੇ ਪੈਰ- ਚਪਟੇ ਨਹੀ ਹੋਣੇ ਚਾਹੀਦੇ । ਇਸ ਤੋਂ ਇਲਾਵਾ ਉਮੀਦਵਾਰ ਦੇ ਸਰੀਰ ਵਿੱਚ ਕੋਈ ਐਸਾ ਨੁਕਸ ਨਾ ਹੋਵੇ ਜਿਹੜਾ ਉਸ ਨੂੰ ਕੁਸ਼ਲਤਾ ਪੂਰਵਕ ਡਿਊਟੀ ਨਿਭਾਉਣ ਵਿੱਚ ਅੜਚਣ ਪਾਂਉਂਦਾ ਹੋਵੇ।

9) **ਅਪਲਾਈ ਕਰਨ ਦਾ ਤਰੀਕਾ ਅਤੇ ਵਿਸ਼ੇਸ਼ ਹਦਾਇਤਾਂ :-**

1. ਆਨ ਲਾਈਨ ਅਪਲਾਈ ਕਰਨ ਤੋ ਪਹਿਲਾਂ ਉਮੀਦਵਾਰ 300/- ਰੁਪਏ ਦਾ ਬੈਂਕ ਡਰਾਫਟ ਜੋ **ਚੇਅਰਮੈਨ, ਰੈਕਰੂਟਮੈਂਟ ਬੋਰਡ ਫਾਰ ਅਸਿਸਟੈਂਟ ਇੰਟੈਲੀਜੈਂਸ ਆਫਿਸਰਜ਼, ਅੰਮ੍ਰਿਤਸਰ** ਦੇ ਨਾਮ ਤੇ ਬਣਾ ਲਵੇ । ਕਿਉਂਕਿ ਡਰਾਫਟ ਦਾ ਨੰਬਰ, ਮਿਤੀ ਅਤੇ ਬੈਂਕ ਦਾ ਨਾਮ ਆਨ ਲਾਈਨ ਅਰਜੀ ਵਿਚ ਭਰਿਆ ਜਾਣਾ ਹੈ ।

2. ਬਿਨੈਕਾਰ ਆਨ ਲਾਈਨ ਅਪਲਾਈ ਕਰਨ ਲਈ ਸੀ.ਡੈਕ. ਦੀ ਵੈਬਸਾਇਟ http://recruitment.cdacmohali.in ਤੇ ਆਨ ਲਾਈਨ ਅਰਜੀ 08-06-2011 ਤੋਂ 29-06-2011 ਸ਼ਾਮ 6 ਵਜੇ ਤੱਕ ਭੇਜ ਸਕਦਾ ਹੈ ।

3. ਬਿਨੈਕਾਰ ਆਨ ਲਾਈਨ ਭਰੀ ਅਰਜੀ ਦਾ ਪ੍ਰਿੰਟ ਪ੍ਰਾਪਤ ਕਰੇ ਅਤੇ ਪ੍ਰਫਾਰਮੇ ਤੇ ਦਰਸਾਏ ਸਥਾਨ ਉਪਰ ਸਵੈ-ਤਸ਼ਦੀਕਸ਼ੁਦਾ ਫੋਟੋ ਲਗਾਕੇ ਅਤੇ ਅਸਲ ਡਰਾਫਟ ਨੱਥੀ ਕਰਕੇ ਰਜਿਸਟਰ/ਸਪੀਡ ਪੋਸਟ ਰਾਂਹੀ **ਸੀ. ਡੈਕ. ਏ-34, ਇੰਡਸਟ੍ਰਿਅਲ ਏਰੀਆ ਫੇਜ-8 ਐਸ.ਏ.ਐਸ.ਨਗਰ (ਪੰਜਾਬ)-160071,** 29-06-11 ਸ਼ਾਮ 06:00 ਵਜੇ ਤੱਕ ਭੇਜਿਆ ਜਾਵੇ। ਡਰਾਫਟ ਨੱਥੀ ਕਰਨ ਤੋ ਪਹਿਲਾਂ ਡਰਾਫਟ ਦੇ ਪਿਛਲੇ ਪਾਸੇ ਅਪਣਾ ਨਾਮ ਅਤੇ ਰਜਿਸਟ੍ਰੇਸ਼ਨ ਨੰਬਰ ਜਰੂਰ ਲਿਖੇ। ਡਰਾਫਟ ਤੋ ਇਲਾਵਾ ਅਰਜੀ ਨਾਲ ਹੋਰ ਕੋਈ ਦਸਤਾਵੇਜ ਨੱਥੀ ਨਾ ਕੀਤਾ ਜਾਵੇ । ਫਾਰਮ ਦੇ ਸਿਖਰ ਤੇ ਲਿਖਿਆ ਰਜਿਸਟ੍ਰੇਸ਼ਨ ਨੰਬਰ ਅਗਲੀ ਲਿਖਾਪੜ੍ਹੀ ਲਈ ਵਰਤੋਂ ਵਿੱਚ ਲਿਆਂਦਾ ਜਾਵੇ। ਜਿਨ੍ਹਾਂ ਅਰਜੀਆਂ ਨਾਲ ਲੋੜੀਂਦੀ ਫੀਸ ਦਾ ਡਰਾਫਟ ਪ੍ਰਾਪਤ ਨਹੀ ਹੋਵੇਗਾ ਉਨ੍ਹਾਂ ਨੂੰ ਰੱਦ ਕਰ ਦਿੱਤਾ ਜਾਵੇਗਾ । ਅਧੂਰੀਆਂ ਪ੍ਰਾਪਤ ਹੋਈਆਂ ਅਰਜੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

4. ਸਾਰੇ ਰਜਿਸਟਰਡ ਉਮੀਦਵਾਰਾਂ ਦੀ ਸੂਚੀ ਵੈਬਸਾਈਟ http://recruitment.cdacmohali.in ਤੇ ਮਿਤੀ 30-06-11 ਅਤੇ 01-07-11 ਨੂੰ ਦੇਖੀ ਜਾ ਸਕਦੀ ਹੈ ।

5. ਜੇ ਕਿਸੇ ਉਮੀਦਵਾਰ ਵਲੋਂ ਅਰਜੀ ਭਰਨ ਵੇਲੇ ਸਹਿਬਨ ਗਲਤੀ ਹੋ ਜਾਵੇ ਤਾਂ ਉਹ ਖੁਦ ਸੀ.ਡੈਕ, ਮੋਹਾਲੀ ਦੇ ਦਫਤਰ ਵਿਚ ਆ ਕੇ ਲੋੜੀਂਦੀ ਸੋਧ ਮਿਤੀ ●8-●6-2●11 ਤੋਂ ਮਿਤੀ 29-●6-2●11 ਸ਼ਾਮ 6 ਵਜੇ ਤੱਕ ਕਰ ਸਕਦੇ ਹਨ। ਜੇਕਰ ਕਿਸੇ ਉਮੀਦਵਾਰ ਵਲੋਂ ਗਲਤ ਸੂਚਨਾਂ ਸਪਲਾਈ ਕੀਤੀ ਜਾਂਦੀ ਹੈ ਅਤੇ ਉਸ ਦੀ ਦਰੁਸਤੀ ਆਨ ਲਾਈਨ ਐਡੀਟਿੰਗ ਦੌਰਾਨ ਨਹੀਂ ਕਰਵਾਈ ਜਾਂਦੀ ਤਾਂ ਉਸ ਦੀ ਉਮੀਦਵਾਰੀ ਕੈਂਸਲ ਕੀਤੀ ਜਾ ਸਕਦੀ ਹੈ। ਨਾ-ਮੰਨਜ਼ੂਰ ਹੋਏ ਉਮੀਦਵਾਰਾਂ ਦੇ ਡਰਾਫਟ ਦੀ ਰਾਸ਼ੀ ਵਾਪਿਸ ਨਹੀ ਕੀਤੀ ਜਾਵੇਗੀ ।

6. ਜੇਕਰ ਉਮੀਦਵਾਰ ਨੂੰ ਆਨਲਾਈਨ ਅਪਲਾਈ ਕਰਨ ਤੇ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਆਉਂਦੀ ਹੈ ਤਾਂ ਉਹ ਉਮੀਦਵਾਰ ਸੀ.ਡੈੱਕ. ਦੀ ਹੈਲਪਲਾਈਨ ਟੈਲੀਫੋਨ ਨੰ: ●172-2237●52-53 ਸਵੇਰੇ 1● ਵਜ਼ੇ ਤੋਂ ਸ਼ਾਮ 6 ਵਜ਼ੇ ਹਰ ਰੋਜ਼ (ਸਿਵਾਏ ਐਤਵਾਰ ਅਤੇ ਗਜ਼ਟਿਡ ਛੁੱਟੀਆਂ) ਤੇ ਸੰਪਰਕ ਕਰ ਸਕਦਾ ਹੈ ਜਾਂ recruitment@cdacmohali.in ਤੇ ਮੇਲ ਕਰ ਸਕਦਾ ਹੈ।

7. ਇਹ ਬਿਨੈ ਪੱਤਰ ਭਰਨ ਤੋਂ ਪਹਿਲਾਂ ਵੈਬ ਸਾਇਟ ਵਿਚ ਹਦਾਇਤ ਪੱਤਰ ਵਿੱਚ ਦਰਜ ਸਾਰੀਆਂ ਹਦਾਇਤਾਂ ਧਿਆਨ ਨਾਲ ਪੜੋਂ।

8. ਅਸਲ ਸਰਟੀਫਿਕੇਟ ਕੇਵਲ ਇੰਟਰਵਿਊ ਸਮੇਂ ਵੇਖੇ ਜਾਣਗੇ।

9. ਬਿਨੈ ਪੱਤਰ ਭਰਦੇ ਸਮੇਂ ਆਪਣਾ ਨਾਮ, ਪਿਤਾ ਦਾ ਨਾਮ ਉਹੀ ਭਰਿਆ ਜਾਵੇ ਜੋ ਕਿ ਦੱਸਵੀਂ ਪੱਧਰ ਜਾਂ ਉਪੱਰਲੀਆਂ ਵਿੱਦਿਅਕ ਯੋਗਤਾਵਾਂ ਵਿੱਚ ਬੋਰਡ/ਯੂਨੀਵਰਸਿਟੀ ਵੱਲੋਂ ਜਾਰੀ ਸਰਟੀਫਿਕੇਟ ਵਿੱਚ ਹੈ।

1●. ਜਨਮ ਮਿਤੀ ਦੇ ਸਬੂਤ ਲਈ ਕਿਸੇ ਪ੍ਰਵਾਨਿਤ ਬੋਰਡ ਤੋਂ ਜਾਰੀ ਮੈਟ੍ਰਿਕ ਪੱਧਰ ਦਾ ਸਰਟੀਫਿਕੇਟ ਜਿਸ ਵਿੱਚ ਜਨਮ ਤਾਰੀਖ ਦਾ ਵੇਰਵਾ ਹੋਵੇ। ਇਸ ਸਬੰਧੀ ਹਲਫੀਆ ਬਿਆਨ ਰਜਿਸਟਰਾਰ ਜਨਮ ਅਤੇ ਮੌਤ ਜਾਂ ਮਿਊਂਸੀਪਲ ਕਮੇਟੀ/ਕਾਰਪੋਰੇਸ਼ਨ ਵੱਲੋਂ ਜਾਰੀ ਜਨਮ ਸਰਟੀਫਿਕੇਟ ਨੂੰ ਪ੍ਰਵਾਨ ਨਹੀ ਕੀਤਾ ਜਾਵੇਗਾ ।

11. ਪਹਿਲਾਂ ਤੋਂ ਸਰਕਾਰੀ ਸੇਵਾ ਕਰ ਰਹੇ ਬਿਨੈਕਾਰਾਂ ਨੂੰ ਅਨੁਲੱਗ-1 ਅਨੁਸਾਰ ਦਰਸ਼ਾਇਆ ਗਏ ਸਰਟੀਫਿਕੇਟ ਦੀ ਤਸ਼ਦੀਕਸੁਦਾ ਕਾਪੀ ਸਰੀਰਕ ਕੁਸ਼ਲਤਾ ਪਰਖ ਵਾਲੇ ਦਿਨ ਜਮ੍ਹਾਂ ਕਰਵਾਉਣਗੇ, ਜਿਸ ਉਪਰ ਉਸਦੇ ਰੋਜਗਾਰਦਾਤਾ ਵੱਲੋਂ ਪੂਰੇ ਦਸਤਖਤਾਂ ਸਮੇਤ ਉਸ ਨੂੰ ਫਾਰਗ (ਰਲੀਵ) ਕਰਨ ਦੀ ਸਹਿਮਤੀ ਦਿੱਤੀ ਹੋਵੇ, ਜੇਕਰ ਉਸ ਦੀ ਪੰਜਾਬ ਪੁਲਿਸ ਵਿੱਚ ਬਤੌਰ ਅਸਿਸਟੈਂਟ ਇੰਟੈਲੀਜੈਂਸ ਅਫਸਰ (ਏ.ਐਸ.ਆਈ ਰੈਂਕ ਵਿਚ) ਦੀ ਅਸਾਮੀ ਤੇ ਚੋਣ ਹੋ ਜਾਂਦੀ ਹੈ। ਅਸਲ ਕਾਪੀ ਇੰਟਰਵਿਊ ਵਾਲੇ ਦਿਨ ਦੇਖੀ ਜਾਵੇਗੀ।

12. ਸਾਰੇ ਉਮੀਦਵਾਰ ਸਰੀਰਕ ਕੁਸ਼ਲਤਾ ਪਰਖ ਵਾਲੇ ਦਿਨ ਸਾਰੇ ਸਰਟੀਫਿਕੇਟਾਂ ਦੀਆਂ ਸਵੈ-ਤਸ਼ਦੀਕਸ਼ੁਦਾ ਕਾਪੀਆਂ ਨਾਲ ਲੈ ਕੇ ਆਉਣਗੇ ਅਤੇ ਸ਼ਰੀਰਕ ਕੁਸ਼ਲਤਾ ਪਰਖ ਦੇ ਈਵੇਂਟ ਕੁਆਲੀਫਾਈ ਕਰਨ ਤੋਂ ਉਪਰੰਤ ਸਫਲ ਹੋਣ ਵਾਲੇ ਉਮੀਦਵਾਰ ਆਪਣੇ ਸਰਟੀਫਿਕੇਟ ਦਾ ਸੈੱਟ ਜੋ ਕਿ ਪਹਿਲਾਂ ਧਾਗੇ ਨਾਲ ਬੰਨਿਆ ਹੋਵੇ ਕਮੇਟੀ ਪਾਸ ਜਮ੍ਹਾਂ ਕਰਵਾਕੇ ਜਾਣ ਦਾ ਜਿੰਮੇਵਾਰ ਹੋਵੇਗਾ। ਜਿਸ ਤੇ ਉਮੀਦਵਾਰ ਨੇ ਆਪਣਾ ਰਜਿਸਟਰੇਸ਼ਨ ਨੰਬਰ ਅਤੇ ਰੋਲ ਨੰਬਰ ਲਿਖਿਆ ਹੋਵੇ।

## 1● ਭਰਤੀ ਸੰਬੰਧੀ ਤਾਰੀਖਾਂ ਦਾ ਵੇਰਵਾ (ਭਰਤੀ ਦਾ ਸ਼ੈਡੀਉਲ)

| | | |
|---|---|---|
| 1 | ਫਾਰਮ ਆਨ ਲਾਈਨ ਭਰਨ ਦੀਆਂ ਤਾਰੀਖਾਂ ਅਤੇ ਆਨ ਲਾਈਨ ਐਡੀਟਿੰਗ ਵਿਚ ਉਮੀਦਵਾਰ ਆਪਣੇ ਫਾਰਮ ਵਿਚ ਹੋਈ ਗਲਤੀ ਨੂੰ ਸੁਧਾਰ ਸਕਦੇ ਹਨ। | ●8-●6-11 ਤੋਂ 29-●6-11 (ਸ਼ਾਮ 6 ਵਜੇ ਤੱਕ) |
| 2 | ਡਾਕ ਰਾਹੀਂ ਡਰਾਫਟ ਪ੍ਰਾਪਤ ਹੋਣ ਦੀ ਆਖਰੀ ਤਾਰੀਖ | ●6-●7-11 |
| 3 | ਜਿਨ੍ਹਾਂ ਉਮੀਦਵਾਰਾਂ ਦੀ ਫੀਸ ਆਖਰੀ ਮਿਤੀ ਤੱਕ ਪ੍ਰਾਪਤ ਹੋ ਜਾਵੇਗੀ ਉਨ੍ਹਾਂ ਦੀ ਲਿਸਟ | ●8-●7-11 |
| 4 | ਯੋਗ ਉਮੀਦਵਾਰਾਂ ਲਈ ਸ਼ਰੀਰਕ ਮਿਆਰ / ਸ਼ਰੀਰਕ ਕੁਸ਼ਲਤਾ ਦੇ ਸ਼ੈਡੀਉਲ ਅਤੇ ਰੋਲ ਨੰਬਰ ਅਲਾਟ ਹੋਣ ਦਾ ਵੇਰਵਾ । ਇਸ ਸਬੰਧ ਵਿੱਚ ਪੁਆਇੰਟ ਨੰਬਰ 12 ਦਾ *ੳ* ਨੂੰ ਦੇਖਿਆ ਜਾਵੇ । | 11-●7-11 ਤੋਂ 12-●7-11 |
| 5 | ਸ਼ਰੀਰਕ ਮਿਆਰ / ਸ਼ਰੀਰਕ ਕੁਸ਼ਲਤਾ ਪਰਖ ਦੀਆਂ ਤਾਰੀਖਾਂ ਦਾ ਵੇਰਵਾ ਅਤੇ ਹਾਜਰ ਹੋਣ ਦਾ ਸਮਾਂ । | 14-●7-11 ਤੋਂ 29.●7.11 ਰਿਪੋਟਿੰਗ ਸਮਾਂ 8 ਵਜੇ ਸਵੇਰੇ |
| 6 | ਉਨ੍ਹਾ ਉਮੀਦਵਾਰਾਂ ਦੀ ਲਿਸਟ ਜਿਨ੍ਹਾਂ ਨੇ ਸ਼ਰੀਰਕ ਕੁਸ਼ਲਤਾ ਪਰਖ ਪਾਸ ਕਰਕੇ ਲਿਖਤੀ ਪੇਪਰ ਲਈ ਯੋਗਤਾ ਹਾਸਲ ਕੀਤੀ ਹੈ। ਲਿਖਤੀ ਪੇਪਰ ਦਾ ਸਥਾਨ ਅਤੇ ਵੇਰਵਾ ਨੈੱਟ ਉਪੱਰ ਦੇਖਿਆ ਜਾਵੇਗਾ । | ●2-●8-11 |
| 7 | ਲਿਖਤੀ ਪੇਪਰ । | ●7-●8-11 ਰਿਪੋਟਿੰਗ ਸਮਾਂ 9 ਵਜੇ ਸਵੇਰੇ |
| 8 | ਲਿਖਤੀ ਪੇਪਰ ਦਾ ਨਤੀਜਾ । | 1●-●8-11 |
| 9 | ਇੰਟਰਵਿਊ ਲਈ ਬੁਲਾਏ ਜਾਣ ਵਾਲੇ ਉਮੀਦਵਾਰਾਂ ਦੀ ਲਿਸਟ (ਜੋ ਅਸਾਮੀਆਂ ਤੋ ਕੇਵਲ ਤਿੰਨ ਗੁਣਾ ਹੀ ਬੁਲਾਏ ਜਾਣੇ ਹਨ) ਅਤੇ ਸਥਾਨ | 12-●8-11 |
| 1● | ਇੰਟਰਵਿਊ ਦੀ ਤਾਰੀਖ ਅਤੇ ਸਮਾਂ | 18.●8.11 ਤੋਂ 2●.●8.11 ਰਿਪੋਟਿੰਗ ਸਮਾਂ 9 ਵਜੇ ਸਵੇਰੇ |

ਇਹ ਸਾਰੀ ਜਾਣਕਾਰੀ ਇਸੇ ਹੀ ਵੈੱਬਸਾਈਟ ਉੱਤੇ ਦਿੱਤੀ ਜਾਵੇਗੀ।

## 11 ਨੱਥੀ ਕਰਨ ਵਾਲੇ ਦਸਤਾਵੇਜ :-

- ਸਰੀਰਕ ਮਿਣਤੀ ਅਤੇ ਸ਼ਰੀਰਕ ਕੁਸ਼ਲਤਾ ਪਰਖ ਵਾਲੇ ਦਿਨ ਸਾਰੇ ਉਮੀਦਵਾਰ ਹੇਠ ਲਿਖੇ ਸਰਟੀਫਿਕੇਟ ਅਤੇ ਦਸਤਾਵੇਜ ਦੀਆਂ ਸਵੈ-ਤਸਦੀਕਸ਼ੁਦਾ ਕਾਪੀਆਂ ਲੈ ਕੇ ਆਉਣਗੇ :-

- ਇਹ ਸਰਟੀਫਿਕੇਟ ਕੇਵਲ ਉਹਨਾ ਉਮੀਦਵਾਰਾਂ ਵੱਲੋ ਜਮਾ ਕਰਵਾਏ ਜਾਣਗੇ ਜੋ ਸਾਰੇ ਸ਼ਰੀਰਕ ਕੁਸ਼ਲਤਾ ਪਰਖ ਪੜਾਵਾਂ ਵਿਚੋ ਪਾਸ ਹੋ ਜਾਣਗੇ।

1) ਜਨਮ ਮਿਤੀ ਦੇ ਸਬੂਤ ਵੱਜੋਂ ਦੱਸਵੀਂ ਜਮਾਤ ਦੇ ਪ੍ਰਮਾਣ ਪੱਤਰ ( ਸਰਟੀਫਿਕੇਟ ) ਦੀ ਸਵੈ-ਤਸਦੀਕਸ਼ੁਦਾ ਕਾਪੀ ।

2) ਵਿੱਦਿਅਕ ਯੋਗਤਾਵਾਂ ਦੇ ਸਬੂਤ ਵੱਜੋਂ ਪ੍ਰਮਾਣ ਪੱਤਰ ( ਸਰਟੀਫਿਕੇਟ ) ਦੀਆਂ ਸਵੈ-ਤਸਦੀਕਸ਼ੁਦਾ ਕਾਪੀਆਂ ।

3) ਕਿਸੇ ਪ੍ਰਵਾਨਿਤ ਬੋਰਡ ਤੋਂ ਦੱਸਵੀਂ ਪੱਧਰ ਤੱਕ ਪੰਜਾਬੀ ਚੋਣਵੇਂ /ਲਾਜਮੀ ਵਿਸ਼ੇ ਵਿੱਚ ਪਾਸ ਕਰਨ ਸਬੰਧੀ ਸਬੂਤ ਵੱਜੋਂ ਦੱਸਵੀਂ ਪਾਸ ਦੇ ਨਤੀਜੇ ਕਾਰਡ/ਸਰਟੀਫਿਕੇਟ ਦੀ ਸਵੈ-ਤਸਦੀਕਸ਼ੁਦਾ ਕਾਪੀ ।

4) ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਦੇ ਬਿਨੈਕਾਰਾਂ ਲਈ ਜਾਤ/ਸ਼੍ਰੇਣੀ ਦੇ ਪ੍ਰਮਾਣ ਪੱਤਰ (ਸਰਟੀਫਿਕੇਟ) ਦੀ ਸਵੈ-ਤਸਦੀਕਸ਼ੁਦਾ ਕਾਪੀ। ਇਹ ਸਰਟੀਫਿਕੇਟ ਪ੍ਰੋਫਾਰਮੇ ਤੇ ਐਸ. ਡੀ. ਐਮ., ਤਹਿਸੀਲਦਾਰ, ਅਤੇ ਹੋਰ ਸਰਕਾਰ ਵੱਲੋਂ ਨਿਰਧਾਰਤ ਕੀਤੇ ਗਏ ਸਮਰੱਥ ਅਧਿਕਾਰੀਆਂ ਵੱਲੋਂ ਜਾਰੀ ਕੀਤਾ ਹੋਣਾ ਚਾਹੀਦਾ ਹੇ।

5) <u>ਪੱਛੜੀਆਂ ਸ਼੍ਰੇਣੀਆਂ ਦੇ ਬਿਨੈਕਾਰਾਂ ਲਈ ਸ੍ਰੈਣੀ ਦਾ ਪ੍ਰਮਾਣ ਪੱਤਰ ਸਰਕਾਰ ਦੀਆਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸਮਰੱਥ ਅਧਿਕਾਰੀ ਵੱਲੋ ਜਾਰੀ ਕੀਤਾ ਹੋਵੇ ਦੀ ਸਵੈ-ਤਸ਼ਦੀਕਸੁਦਾ ਕਾਪੀ ।</u>

6) ਜਿੱਥੇ ਬਿਨੈਕਾਰ ਸਾਬਕਾ ਫੌਜੀ ਹੋਵੇ, ਡਿਸਚਾਰਜ ਸਰਟੀਫਿਕੇਟ ਦੀ ਸਵੈ-ਤਸਦੀਕਸ਼ੁਦਾ ਕਾਪੀ ।

7) ਉਹਨਾਂ ਬਿਨੈਕਾਰਾਂ ਦੇ ਸਬੰਧ ਵਿੱਚ ਜੋ ਪੁਲਿਸ ਕਰਮਚਾਰੀਆਂ ਦੇ ਬੱਚਿਆਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ, ਉਸ ਸਬੰਧਿਤ ਐਸ. ਐਸ.ਪੀ/ਕਮਾਂਡੈਂਟ/ਯੂਨਿਟ ਦੇ ਅਫਸਰ ਇੰਚਾਰਜ ਵਲੋਂ ਜਾਰੀ ਸਰਟੀਫਿਕੇਟ ਦੀ ਸਵੈ-ਤਸਦੀਕਸ਼ੁਦਾ ਕਾਪੀ ਨੱਥੀ ਕਰਨ , ਜਿੱਥੇ ਕਿ ਸਬੰਧਿਤ ਪੁਲਿਸ ਕਰਮਚਾਰੀ, ਜਿਸ ਦਾ ਬੱਚਾ ਬਿਨੈਕਾਰ ਹੈ, ਨੇ ਨੌਕਰੀ ਕੀਤੀ ਹੋਵੇ ਅਤੇ ਅਧਿਕਾਰੀ ਵੱਲੋਂ ਤਸਦੀਕ ਕੀਤਾ ਗਿਆ ਹੋਵੇ ਕਿ ਇਹ ਪੁਲਿਸ ਕਰਮਚਾਰੀ ਪ੍ਰਾਸਪੈਕਟ ਦੇ ਪਹਿਰਾ ਨੰਬਰ 6 ( ਸ) ਹੇਠ ਦਰਜ ਕੈਟਾਗਰੀ (i) (ii ) , ( iii) ਅਤੇ ( iv) ਅਧੀਨ ਆਉਂਦਾ ਹੋਵੇ । ਪਹਿਰਾ ਨੰਬਰ 6 (ਸ) ਦੀ ਕੈਟਾਗਰੀ (V) ਵਾਸਤੇ ਡੀਜੀਪੀ/ਪੰਜਾਬ ਵੱਲੋਂ ਜਾਰੀ ਸਰਟੀਫਿਕੇਟ ਦੀ ਸਵੈ-ਤਸਦੀਕਸ਼ੁਦਾ ਕਾਪੀ ਨੱਥੀ ਕਰਨ ।

8) ਜੇਕਰ ਬਿਨੈਕਾਰ ਸਰਕਾਰੀ ਨੌਕਰੀ ਵਿੱਚ ਹੈ ਤਾਂ ਸਬੰਧਤ ਵਿਭਾਗ /ਸੰਸਥਾ ਵੱਲੋਂ ਜਾਰੀ ਕੀਤਾ ਗਿਆ " ਕੋਈ ਇਤਰਾਜ ਨਹੀ " ਦਾ ਅਸਲ ਸਰਟੀਫਿਕੇਟ (ਹਦਾਇਤ ਪੱਤਰ ਦੇ ਅਨੁਲੱਗ -1 ਵਿੱਚ ਦੱਸੇ ਅਨੁਸਾਰ) ਨੱਥੀ ਕੀਤਾ ਜਾਵੇ ।

ਨੋਟ :- ਬਿਨੈ-ਪੱਤਰਾਂ ਦੀ ਸਕਰੀਨਿੰਗ ਕੀਤੀ ਜਾਵੇਗੀ ਤਾਂ ਜੋ ਯੋਗਤਾ ਦਾ ਮਿਆਰ ਪੂਰਾ ਨਾ ਕਰ ਸਕਣ ਵਾਲਿਆਂ ਅਤੇ ਗਲਤ ਜਾਂ ਅਧੂਰੇ ਬਿਨੈ-ਪੱਤਰ ਦੀ ਛਾਂਟੀ ਕੀਤੀ ਜਾ ਸਕੇ ।

## 12) <u>ਚੌਣ ਪ੍ਰਕਿਰਿਆ :-</u>

ਸਰੀਰਕ ਮਿਣਤੀ/ਸਰੀਰਕ ਕੁਸ਼ਲਤਾ ਪਰਖ ਲਈ ਕੇਂਦਰਾਂ ਦਾ ਵੇਰਵਾ ਮਿਤੀ 28-●6-11 ਨੂੰ ਵੈੱਬਸਾਈਟ ਉੱਤੇ ਅਤੇ ਇਸੇ ਹਫਤੇ ਦੋਰਾਨ ਅਖਬਾਰਾਂ ਵਿੱਚ ਵੇਖਿਆ ਜਾ ਸਕਦਾ ਹੈ।

## ੳ) ਪਹਿਲਾ ਪੜਾਅ :- ਸਰੀਰਕ ਮਾਪ ਯੋਗਤਾ

ਸਰੀਰਕ ਮਿਣਤੀ ਅਤੇ ਸਰੀਰਕ ਕੁਸ਼ਲਤਾ ਪਰਖ ਲਈ ਬਲਾਉਣ ਲਈ ਸਥਾਨ ਦਾ ਵੇਰਵਾ ਵੈੱਬਸਾਈਟ ਵਿੱਚ ਮਿਤੀ ●5-●7-11 ਨੂੰ ਦਿੱਤਾ ਜਾਵੇਗਾ ਅਤੇ ਉਮੀਦਵਾਰ ●5-●7-11 ਨੂੰ ਦਿੱਤੇ ਟੇਬਲ ਅਨੁਸਾਰ ਬਿਨੈ ਪੱਤਰ ਵਿੱਚ ਦਰਸਾਏ ਰਿਹਾਇਸ਼ੀ ਜਿਲ੍ਹੇ ਅਨੁਸਾਰ ਦਰਸਾਏ ਕੇਂਦਰ ਵਿੱਚ ਟੈਸਟ ਦੇਣ ਲਈ ਦਰਸਾਈਆਂ ਤਾਰੀਖਾਂ ਉੱਤੇ ਹਾਜ਼ਰ ਆਉਣ ਦੇ ਜਿੰਮੇਵਾਰ ਹੋਣਗੇ। ਇਸ ਦਾ ਵੇਰਵਾ ਸੀ.ਡੈਕ. ਦੀ ਵੈੱਬਸਾਈਟ http://recruitment.cdacmohali.in ਅਤੇ ਅਖਬਾਰਾਂ ਵਿੱਚ ਵੱਖਰੇ ਤੋਰ ਤੇ ਵੀ ਦਿੱਤਾ ਜਾਵੇਗਾ।

## ਅ) ਦੂਜਾ ਪੜਾਅ :- ਸਰੀਰਕ ਕੁਸ਼ਲਤਾ ਪਰਖ

ਕੇਵਲ ਸਰੀਰਕ ਮਿਣਤੀ ਵਿੱਚੋਂ ਪਾਸ ਹੋਣ ਵਾਲੇ ਉਮੀਦਵਾਰਾਂ ਦੀ ਹੇਠ ਲਿਖੇ ਅਨੁਸਾਰ ਸਰੀਰਕ ਕੁਸ਼ਲਤਾ ਦੀ ਪਰਖ ਕੀਤੀ ਜਾਵੇਗੀ :-

**ਪੁਰਸ਼ਾ ਲਈ :-**

1) 16●● ਮੀਟਰ ਦੀ ਦੌੜ 7 ਮਿੰਟ ਵਿੱਚ ਪੂਰੀ ਕਰਨੀ ਪਵੇਗੀ ( ਸਿਰਫ ਇੱਕ ਮੌਕਾ) ।
2) ਲੰਬੀ ਛਾਲ 3.8● ਮੀਟਰ ( ਤਿੰਨ ਮੌਕੇ ) ।
3) ਉੱਚੀ ਛਾਲ 1.15 ਮੀਟਰ ( ਤਿੰਨ ਮੌਕੇ ) ।

**ਮਹਿਲਾਵਾਂ ਲਈ :-**

1) 8●● ਮੀਟਰ ਦੀ ਦੌੜ 4 ਮਿੰਟ ਅਤੇ 3● ਸੈਕਿੰਡ ਵਿੱਚ ਪੂਰੀ ਕਰਨੀ ਪਵੇਗੀ ( ਸਿਰਫ ਇੱਕ ਮੌਕਾ) ।
2) ਲੰਬੀ ਛਾਲ 3.25 ਮੀਟਰ ( ਤਿੰਨ ਮੌਕੇ ) ।
3) ਉੱਚੀ ਛਾਲ 1 ਮੀਟਰ ( ਤਿੰਨ ਮੌਕੇ ) ।

**ਸਾਬਕਾ ਫੌਜੀਆਂ ਪੁਰਸ਼ਾ ਲਈ ( 35 ਸਾਲ ਅਤੇ ਵੱਧ ) :-**

1) 14●● ਮੀਟਰ ਦੀ ਦੌੜ 12 ਮਿੰਟ ਵਿੱਚ ਪੂਰੀ ਕਰਨੀ ਪਵੇਗੀ ( ਸਿਰਫ ਇੱਕ ਮੌਕਾ)
2) ਬੈਠਕਾਂ 1● ( ਘੱਟੋ -ਘੱਟ ) ਲਗਾਤਾਰ ( 10 Sit -ups continously)।
3) ਸਾਬਕਾ ਫੌਜੀਆਂ ਨੂੰ ਉੱਚੀ/ਲੰਬੀ ਛਾਲ ਤੋਂ ਛੋਟ ਹੋਵੇਗੀ ।

**ਸਾਬਕਾ ਫੌਜੀਆਂ ਮਹਿਲਾ ਲਈ ( 35 ਸਾਲ ਅਤੇ ਵੱਧ ) :-**

1) 8●● ਮੀਟਰ ਦੀ ਦੌੜ 8 ਮਿੰਟ ਵਿੱਚ ਪੂਰੀ ਕਰਨੀ ਪਵੇਗੀ (ਸਿਰਫ ਇੱਕ ਮੌਕਾ)

**ਨੋਟ :-** ਹਰ ਬਿਨੈਕਾਰ ਲਈ ਉਪਰੋਕਤ ਤਿੰਨੇ ਈਵੇਂਟ ਕੁਆਲੀਫਾਈ ਕਰਨੇ ਜਰੂਰੀ ਹਨ। ਉਪਰੋਕਤ ਈਵੇਂਟਾਂ ਵਿੱਚੋਂ ਉਕਤ ਇੰਵੈਟਾਂ ਵਿੱਚੋਂ ਕਿਸੇ ਇੱਕ ਵਿੱਚੋਂ ਵੀ ਅਸਫਲ ਰਹਿਣ ਤੇ ਬਿਨੈਕਾਰ ਨੂੰ ਅਯੋਗ ਕਰਾਰ ਦਿੱਤਾ ਜਾਵੇਗਾ ਅਤੇ ਉਸ ਨੂੰ ਭਰਤੀ ਪ੍ਰੀਕਿਰਿਆ ਦੇ ਅਗਲੇ ਈਵੇਂਟ/ਪੜਾਅ ਵਿੱਚ ਭਾਗ ਲੈਣ ਦੀ ਇਜ਼ਾਜਤ ਨਹੀ ਦਿੱਤੀ ਜਾਵੇਗੀ। ਸਫਲਤਾ ਪੂਰਵਕ ਪਾਸ ਕਰਨ ਵਾਲੇ ਉਮੀਦਵਾਰ ਹੀ ਲਿਖਿਤ ਪ੍ਰੀਖਿਆ ਦੇ ਯੋਗ ਹੋਣਗੇ ।

ਸਰੀਰਕ ਮਿਣਤੀ ਅਤੇ ਸਰੀਰਕ ਕੁਸ਼ਲਤਾ ਨਾਲ ਸਬੰਧਿਤ ਕਿਸੇ ਵੀ ਸਿਕਾਇਤ ਬਾਰੇ ਬਿਨੈਕਾਰ , ਮੈਂਬਰ ਭਰਤੀ ਬੋਰਡ, ਨਿਗਰਾਨ ਅਫਸਰ ਨਾਲ ਮੌਕੇ ਪਰ ਹੀ ਸੰਪਰਕ ਕਰ ਸਕਦਾ ਹੈ, ਜੋ ਕਿ ਮੌਕੇ ਤੇ ਹੀ ਸਿਕਾਇਤ ਦੇ ਨਿਪਟਾਰੇ ਸਬੰਧੀ ਫੈਸਲਾ ਦੇਣਗੇ। ਮੈਂਬਰ ਬੋਰਡ ਦਾ ਨਿਰਣਾ ਅੰਤਿਮ ਹੋਵੇਗਾ।

**ੲ) ਤੀਜਾ ਪੜਾਅ : ਲਿਖਤੀ ਪ੍ਰੀਖਿਆ ।**

1) ਸਰੀਰਕ ਕੁਸ਼ਲਤਾ ਪਰਖ ਵਿੱਚੋਂ ਕੁਆਲੀਫਾਈ ਹੋਣ ਵਾਲੇ ਬਿਨੈਕਾਰਾਂ ਨੂੰ ਲਿਖਤੀ ਪ੍ਰੀਖਿਆ ਜਿਸ ਵਿੱਚ 100 ਨੰਬਰ ਦਾ ਇੱਕ ਲਿਖਤੀ ਪੇਪਰ ਦੇਣਾ ਹੋਵੇਗਾ, ਜਿਸ ਵਿੱਚ 100 ਪ੍ਰਸ਼ਨ ਹੋਣਗੇ ਅਤੇ ਇਸਨੂੰ ਹੱਲ ਕਰਨ ਲਈ 2 ਘੰਟੇ ਦਾ ਸਮਾਂ ਹੋਵੇਗਾ। ਗਲਤ ਉੱਤਰ ਦੇਣ ਤੇ ਨਾਕਾਰਾਤਮਕ (Negtive Marking) ਉਸਦੇ ਘਟਾਓ ਵਿੱਚ ਨੰਬਰ ਨਹੀ ਕੱਟੇ ਜਾਣਗੇ। ਜਿਸ ਵਿੱਚ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਮਸਲਿਆ ਬਾਰੇ ਆਮ ਜਾਣਕਾਰੀ, ਭਾਰਤ ਅਤੇ ਪੰਜਾਬ ਬਾਰੇ ਵਿਸ਼ੇਸ਼ ਜਾਣਕਾਰੀ, ਆਮ ਵਿਗਿਆਨ, ਇੰਨਫਾਰਮੇਸ਼ਨ ਟੈਕਨਾਲਜੀ ਅਤੇ ਉਸਦੇ ਉਪਯੋਗ, ਤਰਕ ਸ਼ਕਤੀ (ਰਿਜਨਿੰਗ), ਨਮੈਰੀਕਲ ਐਪਟੀਟਿਉਡ, ਇੰਡੀਅਨ ਸਬ-ਕਾਨਟੀਨੈਂਟ ਦੇ ਦੇਸਾਂ ਬਾਰੇ ਅਤੇ ਇਨ੍ਹਾਂ ਵਿੱਚ ਅੱਤਵਾਦ/ਨਕਸਲਵਾਦ ਦੇ ਜੁਰਮ ਅਤੇ ਉਹਨਾਂ ਦੇ ਕਾਰਨ, ਲਿਖਿਤ ਪ੍ਰੀਖਿਆ ਹੋਵਗੀ ।

2) ਪਾਸ ਹੋਣ ਲਈ ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲੇ/ਪਛੜੀਆਂ ਸ੍ਰੇਣੀਆਂ ਨਾਲ ਸਬੰਧਿਤ ਬਿਨੈਕਾਰਾਂ ਨੂੰ ਪਾਸ ਹੋਣ ਲਈ 45% ਅੰਕ ਲੈਣੇ ਜਰੂਰੀ ਹਨ। ਇਹਨਾਂ ਤੋਂ ਇਲਾਵਾ ਹੋਰ ਸ੍ਰੇਣੀਆਂ ਲਈ ਪਾਸ ਹੋਣ ਲਈ 50% ਅੰਕ ਲੈਣੇ ਜਰੂਰੀ ਹਨ।

3) ਪਾਸ ਉਮੀਦਵਾਰਾਂ ਵਿਚੋਂ ਮੈਰਿਟ ਦੇ ਅਧਾਰ ਤੇ ਖਾਲੀ ਅਸਾਮੀਆਂ ਤੋਂ ਤਿੰਨ ਗੁਣਾ ਜਿਆਦਾ ਉਮੀਦਵਾਰਾਂ ਨੂੰ ਇੰਟਰਵਿਉ ਲਈ ਨਹੀਂ ਸੱਦਿਆ ਜਾਵੇਗਾ ਪ੍ਰੰਤੂ ਹੇਠ ਲਿਖੇ ਹਲਾਤਾ ਵਿੱਚ ਤਿੰਨ ਗੁਣਾ ਤੋਂ ਜਿਆਦਾ ਉਮੀਦਵਾਰਾ ਨੂੰ ਵੀ ਬੁਲਾਇਆ ਜਾ ਸਕਦਾ ਹੈ।
   ੳ) ਜੇ ਇੱਕ ਤੋਂ ਜਿਆਦਾ ਉਮੀਦਵਾਰਾ ਦੇ ਇੱਕੋ ਜਿਹੇ ਨੰਬਰ ਹੋਣਗੇ।
   ਅ) ਕਿਸੇ ਕੈਟਾਗਰੀ ਦੇ ਉਮੀਦਵਾਰ ਪੂਰੇ ਨਾ ਹੋ ਰਹੇ ਹੋਣ ਪਰੰਤੂ ਅਜਿਹੇ ਉਮੀਦਵਾਰ ਲਿਖਤੀ ਟੈਸਟ ਚੋਂ ਪਾਸ ਹੋਣੇ ਚਾਹਿਦੇ ਹਨ।

4) ਲਿਖਤੀ ਪੀ੍ਰਖਿਆ ਦਾ ਨਤੀਜਾ ਪੰਜਾਬ ਪੁਲਿਸ ਦੀ ਵੈਬ ਸਾਇਟ www.punjabpoliceindia.org ਅਤੇ http://recruitment.cdacmohali.in ਉਪਰ ਅਤੇ ਪੰਜਾਬ ਦੇ ਸਾਰੇ ਐਸ.ਐਸ.ਪੀਜ ਦੇ ਦਫਤਰਾਂ ਬਾਹਰ ਨੋਟਿਸ ਬੋਰਡ ਤੇ ਮਿਤੀ 10-08-2011 ਨੂੰ ਦੇਖਿਆ ਜਾ ਸਕਦਾ ਹੈ।

5) ਲਿਖਤੀ ਪ੍ਰੀਖਿਆ ਵਿਚ ਮੈਰਿਟ ਦੇ ਅਧਾਰ ਤੇ ਇੰਟਰਵਿਉ ਲਈ ਚੁਣੇ ਗਏ ਉਮੀਦਵਾਰਾਂ ਦੀ ਲਿਸਟ ਅਤੇ ਸਥਾਨ ਮਿਤੀ 12-08-11 ਨੂੰ ਪੰਜਾਬ ਪੁਲਿਸ ਦੀ ਵੈਬ ਸਾਇਟ www.punjabpoliceindia.org ਅਤੇ http://recruitment.cdacmohali.in ਤੇ ਦੇਖੀ ਜਾ ਸਕਦੀ ਹੈ।

ਨੋਟ:-

**ਲਿਖਤੀ ਪ੍ਰੀਖਿਆ ਦੀ ਪ੍ਰਣਾਲੀ ਨਾਲ ਸਬੰਧਤ ਕਿਸੇ ਵੀ ਸਪਸ਼ਟੀਕਰਨ ਬਾਰੇ ਬਿਨੇਕਾਰ, ਕੇਂਦਰ ਵਿੱਚ ਮੌਜੂਦ ਭਰਤੀ ਬੋਰਡ ਦੇ ਮੈਂਬਰ ਪਾਸ ਪਹੁੰਚ ਕਰ ਸਕਦਾ ਹੈ, ਜੋ ਕਿ ਮੌਕੇ ਪਰ ਹੀ ਇਸ ਬਾਰੇ ਫੈਸਲਾ ਕਰੇਗਾ, ਜੋ ਅੰਤਿਮ ਹੋਵੇਗਾ।**

**ਜੇਕਰ ਬਿਨੈਕਾਰ ਨਿਗਰਾਨ ਅਫਸਰ ਅਤੇ ਭਰਤੀ ਉਪ-ਬੋਰਡ ਦੇ ਫੈਸਲੇ ਨਾਲ ਸੰਤੁਸਟ ਨਾ ਹੋਵੇ ਤਾਂ ਇਸ ਸਬੰਧੀ ਚੇਅਰਮੈਨ-ਕਮ- ਆਈ.ਜੀ.ਪੀ/ਬਾਰਡਰ ਭਰਤੀ ਬੋਰਡ ਪਾਸ ਅਪੀਲ ਕਰ ਸਕਦਾ ਹੈ।**

**ਸ) ਚੌਥਾ ਪੜਾਅ :- ਇੰਟਰਵਿਊ** — **ਇੰਟਰਵਿਊ ਦੀ ਤਾਰੀਖ, ਸਮਾਂ ਅਤੇ ਸਥਾਨ ਮਿਤੀ 12-08-2011 ਨੂੰ ਸੀ.ਡੈੱਕ ਦੀ ਵੈੱਬਸਾਇਟ** http://recruitment.cdacmohali.in ਅਤੇ ਪੰਜਾਬ ਪੁਲਿਸ ਦੀ ਵੈੱਬਸਾਈਟ www.punjabpoliceindia.org ਤੇ **ਦੇਖਿਆ ਜਾ ਸਕਦਾ ਹੈ।**

1) ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ ਬਿਨੈਕਾਰਾਂ ਨੂੰ ਇੰਟਰਵਿਓ ਲਈ ਬੁਲਾਇਆ ਜਾਵੇਗਾ । ਇੰਟਰਵਿਓ 15 ਅੰਕਾਂ ਦੀ ਹੋਵੇਗੀ ਜਿਸ ਵਿੱਚ ਬਿਨੈਕਾਰ ਦੇ ਗੱਲ-ਬਾਤ ਕਰਨ ਦਾ ਹੁਨਰ, ਹਾਜ਼ਰ-ਜੁਆਬੀ, ਤਕਨੀਕੀ ਕੁਸ਼ਲਤਾ, ਆਮ ਗਿਆਨ ਦੀ ਪਰਖ ਕੀਤੀ ਜਾਵੇਗੀ ।

2) ਇੰਟਰਵਿਓ ਲਈ ਬੁਲਾਏ ਜਾਣ ਵਾਲੇ ਬਿਨੈਕਾਰਾਂ ਦੀ ਗਿਣਤੀ ਐਡਵਰਟਾਈਜ਼ ਕੀਤੀਆਂ ਗਈਆਂ ਅਸਾਮੀਆਂ ਦੇ ਤਿੰਨ ਗੁਣਾ ਤੋਂ ਜਿਆਦਾ ਨਹੀ ਹੋਵੇਗੀ । ਜੇਕਰ ਸ਼੍ਰੇਣੀ/ਉਪ ਸ਼੍ਰੇਣੀ ਵਿਚ ਉਮੀਦਵਾਰ ਘੱਟ ਹੋਣਗੇ ਜਾਂ ਲਿਖਤੀ ਪ੍ਰੀਖਿਆ ਦੇ ਅੰਕ ਬਰਾਬਰ ਹੋ ਜਾਣ ਤਾਂ ਇਹ ਗਿਣਤੀ ਬਦਲੀ ਵੀ ਜਾ ਸਕਦੀ ਹੈ।

3) ਇੰਟਰਵਿਊ ਦੀ ਤਾਰੀਖ, ਸਮਾਂ ਅਤੇ ਸਥਾਨ ਮਿਤੀ 12-08-2011 ਨੂੰ **ਸੀ.ਡੈੱਕ ਦੀ ਵੈੱਬਸਾਇਟ** http://recruitment.cdacmohali.in ਅਤੇ ਪੰਜਾਬ ਪੁਲਿਸ ਦੀ ਵੈੱਬਸਾਈਟ www.punjabpoliceindia.org ਤੇ ਦੇਖਿਆ ਜਾ ਸਕਦਾ ਹੈ।

4) ਸਾਰੇ ਉਮੀਦਵਾਰ ਇੰਟਰਵਿਊ ਵਾਲੇ ਦਿਨ ਆਪਣੇ ਸਾਰੇ ਅਸਲ ਸਰਟੀਫਿਕੇਟ ਅਤੇ ਅਸਲ ਦਸਤਾਵੇਜ ਲੈ ਕੇ ਆਉਣਗੇ।

ਨੋਟ:-

**ਇੰਟ੍ਰਵਿਊ ਸਬੰਧੀ ਕਿਸੇ ਵੀ ਤਕਲੀਫ/ਸ਼ਿਕਾਇਤ ਬਾਰੇ ਬਿਨੈਕਾਰ ਵੱਲੋਂ ਬੋਰਡ ਦੇ ਚੇਅਰਪਰਸਨ ਪਾਸ ਪਹੁੰਚ ਕੀਤੀ ਜਾ ਸਕਦੀ ਹੈ, ਜੋ ਕਿ ਮੌਕੇ ਤੇ ਹੀ ਫੈਸਲਾ ਦੇਵਗਾ। ਇਹ ਫੈਸਲਾ ਅੰਤਿਮ ਹੋਵੇਗਾ।**

**ਹ) ਦਸਤਾਵੇਜਾਂ ਦੀ ਪਰਖ**

ਨਿਯੁਕਤੀ ਪੱਤਰ ਦੇਣ ਤੋਂ ਪਹਿਲਾਂ ਉਮੀਦਵਾਰ ਦੇ ਵਿੱਦਿਅਕ ਅਤੇ ਹੋਰ ਪ੍ਰਮਾਣ ਪੱਤਰਾਂ/ਸਰਟੀਫਿਕੇਟਾਂ ਦੀ ਪਰਖ ਕੀਤੀ ਜਾਵੇਗੀ । ਜਿਹੜੇ ਬਿਨੈਕਾਰਾਂ ਦੇ ਉਪਰੋਕਤ ਦਸਤਾਵੇਜ਼ ਅਯੋਗ/ਜਾਅਲੀ ਪਾਏ ਜਾਣਗੇ , ਉਹਨਾਂ ਨੂੰ ਨਾਂ ਤਾਂ ਸਿਰਫ ਨਿਯੁਕਤੀ ਦੇ ਅਯੋਗ ਕਰਾਰ ਦਿੱਤਾ ਜਾਵੇਗਾ ਬਲਕਿ ਉਹਨਾਂ ਖਿਲਾਫ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ ।

ਕ) **ਡਾਕਟਰੀ ਮੁਆਇਨਾ**

ਉਹ ਬਿਨੈਕਾਰ, ਜਿਹਨਾਂ ਨੂੰ ਇੰਟਰਵਿਊ ਉਪਰੰਤ ਚੁਣਿਆ ਜਾਵੇਗਾ ਨੂੰ ਆਪਣੀ ਨਿਯੁਕਤੀ ਲਈ ਯੋਗ ਸਾਬਿਤ ਕਰਨ ਲਈ ਡਾਕਟਰੀ ਮੁਆਇਨਾ ਸਰਕਾਰੀ ਹਦਾਇਤਾ ਮੁਤਾਬਿਕ ਕਰਵਾਉਣਾ ਪਵੇਗਾ।

13) **ਹੋਰ ਮਹੱਤਵਪੂਰਨ ਸ਼ਰਤਾਂ**

i) ਟੈਸਟ ਦੀ ਪ੍ਰੀਕਿਰਿਆ ਦੌਰਾਨ ਕਿਸੇ ਕਿਸਮ ਦੀ ਦੁਰਘਟਨਾ ਵਾਪਰਨ ਜਾਂ ਚੋਟ ਲੱਗ ਜਾਣ ਬਾਰੇ ਸਰਕਾਰ/ਮਹਿਕਮਾ ਪੁਲਿਸ/ਬੋਰਡ ਅਧਿਕਾਰੀ ਜਿੰਮੇਵਾਰ ਨਹੀਂ ਹੋਣਗੇ ।

ii) ਚੋਣ ਪ੍ਰੀਕਿਰਿਆ ਵਿੱਚ ਕੁਆਲੀਫਾਈ ਹੋਣ ਅਤੇ ਡਾਕਟਰੀ ਮੁਆਇਨਾ ਕੀਤੇ ਜਾਣ ਤੋਂ ਇਹ ਭਾਵ ਨਹੀਂ ਹੋਵੇਗਾ ਕਿ ਬਿਨੈਕਾਰ ਦੀ ਨਿਯੁਕਤੀ ਪੱਕੀ ਹੋ ਗਈ ਹੈ , ਬਲਕਿ ਪ੍ਰਣਾਲੀ ਦੇ ਅੰਤ ਵਿੱਚ ਡਾਕਟਰੀ ਪ੍ਰੀਖਿਆ ਹੋ ਜਾਣ ਅਤੇ ਇਸ ਵਿੱਚੋਂ ਪਾਸ ਹੋ ਜਾਣ ਨਾਲ ਨਿਯੁਕਤੀ ਪੱਤਰ ਸ੍ਰੇਣੀਵਾਰ ਅਲਾਟ ਕੀਤੀਆਂ ਅਸਾਮੀਆਂ ਅਨੁਸਾਰ ਹੀ ਕੀਤੇ ਜਾਣਗੇ ।

iii) ਉਮੀਦਵਾਰ ਵੱਲੋਂ ਭਰਤੀ ਬੋਰਡ ਦੇ ਚੈਅਰਮੈਨ ਜਾਂ ਮੈਂਬਰਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਪ੍ਰਭਾਵਿਤ ਕਰਨ ਦੀ ਕੋਸਿਸ ਕਰਨ ਤੇ ਬੋਰਡ ਵੱਲੋਂ ਸਪੀਕਿੰਗ ਆਰਡਰ ਪਾਸ ਕਰਕੇ ਉਮੀਦਵਾਰ ਨੂੰ ਅਯੋਗ ਕਰਾਰ ਕਰ ਦਿੱਤਾ ਜਾਵੇਗਾ। ਇਸ ਲਈ ਉਮੀਦਵਾਰ ਸਰੀਰਕ ਯੋਗਤਾ ਟੈਸਟ , ਲਿਖਤੀ ਟੈਸਟ ਅਤੇ ਇੰਟ੍ਰਵਿਊ ਪਾਸ ਕਰਨ ਲਈ ਸਿਰਫ ਸਖ਼ਤ ਮਿਹਨਤ ਤੇ ਧਿਆਨ ਦੇਣ ਅਤੇ ਆਪਣਾ ਸਮਾਂ ਅਤੇ ਭਵਿੱਖ ਗਲਤ ਅਨਸਰਾਂ ਦੇ ਪਿੱਛੇ ਲੱਗ ਕੇ ਦਾਓ ਤੇ ਨਾ ਲਗਾਉਣ ।

14) **<u>ਐਲਾਨਨਾਮਾਂ</u>**

1) ਹਾਲਾਂਕਿ ਹਰ ਪੱਖੋਂ ਲੋੜੀਂਦੀ ਜਾਣਕਾਰੀ ਇਸ ਪ੍ਰਾਸਪੈਕਟ ਵਿੱਚ ਦੱਸੀ ਗਈ ਹੈ, ਲੇਕਿਨ ਕਿਸੇ ਕਾਰਨ ਕਰਕੇ ਜੇਕਰ ਬਿਨੈਕਾਰ ਨੂੰ ਭਰਤੀ ਸਬੰਧੀ ਕੋਈ ਜਾਣਕਾਰੀ ਜਾਂ ਲੋੜੀਂਦੀ ਸੂਚਨਾਂ ਪ੍ਰਾਪਤ ਨਹੀ ਹੁੰਦੀ ਤਾਂ ਉਹ ਜਾਣਕਾਰੀ ਹਾਸਿਲ ਕਰਨ ਲਈ ਕੇਂਦਰੀ ਭਰਤੀ ਬੋਰਡ ਦੇ ਦਫਤਰ, (ਦਫਤਰ ਆਈ.ਜੀ. ਬਾਰਡਰ, ਗਰੀਨ ਐਵੀਨਿਊ, ਅੰਮ੍ਰਿਤਸਰ ਸ਼ਹਿਰ, ਫੋਨ ਕਰਕੇ :- ●183-25●119● ਤੋਂ ਪ੍ਰਾਪਤ ਕਰ ਸਕਦਾ ਹੈ ।

2) **ਸਾਵਧਾਨ** :- ਵਿਚੋਲਿਆਂ ਤੋਂ ਬਚੋ, ਇਹ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵਿਅਕਤੀ ਪੈਸਿਆਂ ਦੀ ਮੰਗ ਕਰਦਾ ਹੈ ਜਾਂ ਭਰਤੀ ਕਰਵਾਉਣ ਦਾ ਵਾਅਦਾ ਕਰਦਾ ਹੈ ਤਾਂ ਭਰਤੀ ਉਪ ਬੋਰਡ ਦੇ ਨਿਗਰਾਨ ਅਫਸਰ ਜਾਂ ਭਰਤੀ ਬੋਰਡ ਦੇ ਦੇ ਚੇਅਰਪਰਸਨ ਜਾਂ ਜਿਲ੍ਹੇ ਦੇ ਐਸ.ਐਸ.ਪੀ. ਨੂੰ ਤੁਰੰਤ ਸੂਚਨਾ ਦੇਵੋ। ਇਹ ਸਾਰੀ ਭਰਤੀ ਯੋਗਤਾ ਦੇ ਅਧਾਰ ਤੇ ਕੀਤੀ ਜਾ ਰਹੀ ਹੈ।

3) ਭਰਤੀ ਸਬੰਧੀ ਤਾਰੀਖਾਂ ਦੇ ਸ਼ੈਡਿਊਲ ਵਿੱਚ ਕਿਸੇ ਐਮਰਜੈਂਸੀ ਜਾਂ ਕਿਸੇ ਅਣਦੇਖੀ ਸਥਿਤੀ ਕਾਰਨ ਬਦਲ ਕੀਤੀ ਜਾ ਸਕਦੀ ਹੈ। ਜਿਸ ਦਾ ਵੇਰਵਾ ਸੀ.ਡੈੱਕ. ਦੀ ਵੈੱਬਸਾਈਟ http://recruitment.cdacmohali.in ਤੇ ਦਿੱਤਾ ਜਾਵੇਗਾ।

4) **ਉਮੀਦਵਾਰ ਇਸ ਵੈੱਬਸਾਈਟ ਤੇ ਦਿੱਤੇ ਗਏ ਅੱਪਡੇਟ ਨੂੰ ਜਰੂਰ ਦੇਖਦੇ ਰਹਿਣ ।**

15 **ਲਿਖਤੀ ਇਮਤਿਹਾਨ ਓ.ਐਮ.ਆਰ (O.M.R) ਸ਼ੀਟ ਉਤੇ ਭਰਨ ਸੰਬੰਧੀ ਹਦਾਇਤਾਂ।**



10297 **ANSWER SHEET** SIDE-1

FILL IN THE FOLLOWING ENTRIES WITH BALL PEN ONLY

TEST BOOKLET NUMBER

ROLL NUMBER

NAME OF THE CANDIDATE ( IN CAPITAL LETTERS )

CENTRE NUMBER

CATEGORY

INSTRUCTIONS FOR MARKING ON SIDE -2

1. Use only ball point pen to completely darken the circle.
2. Darken THE CIRCLE(S) of each question as shown in example below.
3. Answer option if darkened cannot be changed / erased.
4. Make the marks only in the spaces provided. Please do not make any stray marks on the answer sheet.
5. Rough work must not be done on the answer sheet.
6. Mark your answer only in the appropriate space against the number corresponding to the question you are answering.

EXAMPLE - HOW TO FILL AND MARK ON SIDE -2 ( WITH BALL POINT PEN ONLY )

If your Roll number is 156324, fill in as below:

ROLL NUMBER

1 5 6 3 2 4

If your Test Booklet is C,Please fill in as below:

TEST BOOKLET CODE

C

If your Response to Question Number 16 is 2 , Please mark as below:

Q.NO RESPONSE

16.

SIGNATURE OF THE CANDIDATE

SIGNATURE OF THE INVIGILATOR

1) ਗੋਲੇ (Circle) ਨੂੰ ਪੂਰੀ ਤਰ੍ਹਾਂ ਭਰਨ ਲਈ ਸਿਰਫ ਕਾਲਾ ਜਾਂ ਨੀਲਾ ਬਾਲ ਪੁਅਇੰਟ ਪੈੱਨ ਹੀ ਵਰਤਿਆ ਜਾਵੇ।
2) ਉਦਾਹਰਨ ਵਿੱਚ ਵਿਖਾਏ ਹਰੇਕ ਪ੍ਰਸ਼ਨ ਅਨੁਸਾਰ ਛੱਲਿਆਂ (Circles) ਨੂੰ ਭਰੋ।
3) ਇੱਕ ਵਾਰ ਭਰੇ ਗਏ ਪ੍ਰਸ਼ਨ ਦੇ ਜਵਾਬ ਨੂੰ ਦੁਬਾਰਾ ਬਦਲਿਆ ਜਾਂ ਮਿਟਾਇਆ ਨਹੀਂ ਜਾ ਸਕਦਾ।
4) ਜੇਕਰ ਕੱਟਿੰਗ ਹੋਵੇਗੀ ਤਾਂ ਉਸ ਪ੍ਰਸ਼ਨ ਦੇ ਨੰਬਰ ਨਹੀ ਦਿੱਤੇ ਜਾਣਗੇ ।

5) ਨਿਸ਼ਾਨ ਸਿਰਫ ਉੱਥੇ ਹੀ ਲਾਉ ਜਿਥੇ ਥਾਂ ਦਿੱਤੀ ਗਈ ਹੈ ਅਤੇ ਕ੍ਰਿਪਾ ਕਰਕੇ ਉੱਤਰ ਸ਼ੀਟ (Answer sheet) ਤੇ ਕਿਸੇ ਹੋਰ ਥਾਂ ਉਪਰ ਨਿਸ਼ਾਨਦੇਈ ਨਾ ਕੀਤੀ ਜਾਵੇ।

6) ਉੱਤਰ ਸ਼ੀਟ (Answer sheet) ਤੇ ਕੱਚਾ ਕੰਮ ਬਿਲਕੁਲ ਨਹੀਂ ਕਰਨਾ।

7) ਤੁਸੀ ਜਿਸ ਸਵਾਲ ਦਾ ਜਵਾਬ ਦੇ ਰਹੇ ਹੋ, ਉਸ ਸਵਾਲ ਦੇ ਅੰਕ (Number) ਅਨੁਸਾਰ ਹੀ ਆਪਣੇ ਜਵਾਬ ਦੀ ਦਿੱਤੀ ਗਈ ਥਾਂ ਵਿੱਚ ਨਿਸ਼ਾਨ ਲਗਾਉ।



## ਲਿਖਤੀ ਪ੍ਰੀਖਿਆ ਲਈ ਜਰੂਰੀ ਹਦਾਇਤਾਂ

1) ਹਰੇਕ ਉਮੀਦਵਾਰ ਲਿਖਤੀ ਪ੍ਰੀਖਿਆ ਸੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਰਿਪੋਰਟ ਕਰੇਗਾ, ਲੇਟ ਆਊਣ ਦੀ ਸੂਰਤ ਵਿੱਚ ਪ੍ਰੀਖਿਆ ਵਿੱਚ ਬੈਠਣ ਨਹੀ ਦਿੱਤਾ ਜਾਵੇਗਾ ।

2) ਹਰੇਕ ਉਮੀਦਵਾਰ ਪ੍ਰਸ਼ਨ ਪੱਤਰ ਹੱਲ ਕਰਨ ਲਈ ਜਰੂਰੀ ਸਮਾਨ ਬਾਲ ਪੈੱਨ (ਨੀਲਾ/ਕਾਲਾ) ਅਤੇ ਗੱਤਾ ਨਾਲ ਲੈ ਕੇ ਆਵੇਗਾ ।

3) ਕਿਸੇ ਵੀ ਉਮੀਦਵਾਰ ਨੂੰ ਲਿਖਤੀ ਪ੍ਰੀਖਿਆ ਵੇਲੇ ਮੋਬਾਇਲ ਫੋਨ ਅਤੇ ਕਿਸੇ ਵੀ ਤਰਾਂ ਦੀ ਕੋਈ ਕਿਤਾਬ ਜਾਂ ਇਤਰਾਜ ਯੋਗ ਸਮੱਗਰੀ ਆਦਿ ਲੈ ਕੇ ਜਾਣ ਦੀ ਇਜ਼ਾਜਤ ਨਹੀ ਹੋਵੇਗੀ।

4) ਲਿਖਤੀ ਪ੍ਰੀਖਿਆ ਦੌਰਾਨ ਜੇਕਰ ਆਪ ਨਕਲ ਕਰਦੇ ਜਾਂ ਕੋਈ ਹੋਰ ਗਲਤ ਤਰੀਕਾ ਅਖਤਿਆਰ ਕਰਦੇ ਫੜੇ ਗਏ ਤਾਂ ਆਪ ਨੂੰ ਇਸ ਭਰਤੀ ਦੇ ਅਯੋਗ ਕਰਾਰ ਦਿੱਤਾ ਜਾਵੇਗਾ। ਮੌਕਾ ਉਪਰ ਹਾਜ਼ਰ ਅਫਸਰ ਵਲੋਂ ਕੀਤਾ ਗਿਆ ਫੈਸਲਾ ਅੰਤਿਮ ਹੋਵੇਗਾ।

ਅਨੁਲੱਗ-1

## <u>ਇਤਰਾਜਹੀਣਤਾ ਸਰਟੀਫਿਕੇਟ</u>

ਤਸ਼ਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ -------------------------------- ਪੁੱਤਰ/ਪੁੱਤਰੀ/ਪਤਨੀ ਸ੍ਰੀ ---------------------------------- ਵਾਸੀ -------------------------------- ਜਿਲ੍ਹਾ ----------------- ਜੋ ਕਿ ਇਸ (ਵਿਭਾਗ/ ਸੰਸਥਾ ਦਾ ਨਾਮ) -------------------------- ਵਿਚ ਬਤੌਰ (ਅਹੁੱਦਾ)-------------------- ਮਿਤੀ ------------- ਤੋਂ ਨੌਕਰੀ ਕਰ ਰਿਹਾ ਹੈ। ਇਸ ਕਰਮਚਾਰੀ ਨੇ ਇਸ ਵਿਭਾਗ/ਸੰਸਥਾ ਨੂੰ ਆਪਣੀ ਉਮੀਦਵਾਰੀ ਬਾਰੇ ਮਿਤੀ --------- ਨੂੰ ਜਾਣੂ ਕਰਵਾ ਦਿੱਤਾ ਹੈ। ਇਸ ਵਿਭਾਗ/ਸੰਸਥਾ ਨੂੰ ਇਸ ਉਮੀਦਵਾਰ ਦੀ ਪੰਜਾਬ ਪੁਲਿਸ, ਇਨਟੈਲੀਜੈਂਸ ਵਿੰਗ ਵਿੱਚ ਭਰਤੀ ਉਪਰ ਕੋਈ ਇੰਤਰਾਜ ਨਹੀਂ ਹੈ। ਜੇਕਰ ਉਮੀਦਵਾਰ ਸ੍ਰੀ/ਸ੍ਰੀਮਤੀ-------------------------------- ਪੰਜਾਬ ਪੁਲਿਸ ਇੰਟੈਲੀਜੈਂਸ ਵਿੰਗ ਵਿਚ ਬਤੌਰ ਅਸਿਸਟੈਂਟ ਇੰਟੈਲੀਜੈਂਸ ਅਫਸਰ (ਏ.ਐਸ.ਆਈ ਰੈਂਕ) ਦੀ ਅਸਾਮੀ ਤੇ ਚੁਣਿਆ ਜਾਂਦਾ ਹੈ ਤਾਂ ਵਿਭਾਗ ਇਸ ਨੂੰ ਫਾਰਗ ਕਰ ਦੇਵੇਗਾ।

ਨੰਬਰ

ਸਥਾਨ — ਦਫਤਰ ਦੇ ਮੁਖੀ ਦੇ ਦਸਤਖ਼ਤ

ਮਿਤੀ — ਸਮੇਤ ਮੋਹਰ